## ਕੋਲਡ ਕੈਪਸ ਅਤੇ ਕੂਲਿੰਗ ਸਿਸਟਿਮ ਕੀ ਹੁੰਦਾ ਹੈ? (What are cold caps and cooling systems?)

ਕੋਲਡ ਕੈਪਸ ਅਤੇ ਕੂਲਿੰਗ ਸਿਸਟਿਮ ਰਾਹੀਂ ਕੈਂਸਰ ਦਾ ਕੀਮੋਥੈਰਪੀ ਇਲਾਜ ਕਰਵਾਉਣ ਵਾਲੇ ਲੋਕਾਂ ਦੇ ਵਾਲ ਝੜਣੇ (ਐਲੋਪੇਸ਼ੀਆ) (alopecia) ਘਟਾਉਣ ਦਾ ਯਤਨ ਕੀਤਾ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇੰਨ੍ਹਾਂ ਦੋ ਵੱਖ ਵੱਖ ਵਸਤਾਂ ਵਿੱਚ ਬਹੁਤ ਦਿਲਚਸਪੀ ਵੇਖੀ ਜਾ ਰਹੀ ਹੈ।

ਕੋਲਡ ਕੈਪ ਇੱਕ ਤਰ੍ਹਾਂ ਦੀ ਟਾਈਟ ਟੂਕ ਜਾਂ ਟੋਪੀ ਹੁੰਦੀ ਹੈ ਜਿਸ ਵਿੱਚ ਆਈਸ ਦੇ ਪੈਕ ਹੁੰਦੇ ਹਨ। ਇਸ ਕੈਪ ਦੀ ਵਰਤੋਂ ਕਰਦਿਆਂ ਹੋਇਆਂ ਆਈਸ ਦੇ ਇਨ੍ਹਾਂ ਪੈਕਾਂ ਨੂੰ ਬਦਲਦੇ ਰਹਿਣ ਦੀ ਲੋੜ ਪੈਂਦੀ ਹੈ।

ਕੂਲਿੰਗ ਸਿਸਟਿਮ ਵਡੀਆਂ ਯੂਨਿਟਾਂ ਹੁੰਦੀਆਂ ਹਨ ਅਤੇ ਉਨ੍ਹਾਂ ਦੀਆਂ ਕੈਪਾਂ ਰਿਫ਼ਜਰੇਸ਼ਨ ਮਸ਼ੀਨ ਨਾਲ ਜੁੜੀਆਂ ਹੁੰਦੀਆਂ ਹਨ। ਮਸ਼ੀਨ ਕੈਪ ਦੁਆਰਾ ਠੰਡੇ ਤਰਲ ਪਦਾਰਥ ਨੂੰ ਸੰਚਾਰਿਤ (circulate) ਕਰਦੀ ਹੈ। ਸਾਰੇ ਇਲਾਜ ਦੌਰਾਨ ਮਸ਼ੀਨ ਨੂੰ ਪਾਵਰ ਨਾਲ ਪਲੱਗ ਕਰਕੇ ਰੱਖਣਾ ਪੈਂਦਾ ਹੈ। ਬੀ.ਸੀ ਸੈਂਟਰਾਂ ਵੱਖੇ ਅਸੀਂ ਕੂਲਿੰਗ ਸਿਸਟਿਮ ਦੀ ਇਜਾਜ਼ਤ ਨਹੀਂ ਦਿੰਦੇ। ਕੂਲਿੰਗ ਸਿਸਟਿਮ ਵਰਤਣ ਵਾਲੇ ਲੋਕਾਂ ਨੂੰ ਲੰਮੇ ਸਮੇਂ ਅਤੇ ਸਥਾਨ ਲਈ ਐਪੁਆਇੰਟਮੈਂਟ ਲੈਣ ਦੀ ਲੋੜ ਪੈਂਦੀ ਹੈ। ਜੇ ਲੋਕ ਭਾਰੀ ਕੂਲਿੰਗ ਸਿਸਟਿਮ ਵਰਤਦੇ ਹੋਣ ਤਾਂ ਉਨ੍ਹਾਂ ਦੇ ਇਲਾਜ ਲਈ ਬਹੁਤ ਘੱਟ ਸਥਾਨ ਉਪਲਬਧ ਹੁੰਦੇ ਹਨ।



ਠੰਡੀ ਕੈਪ



ਕੂਲਿੰਗ ਸਿਸਟਿਮ

## ਬੀ.ਸੀ.ਕੈਂਸਰ ਵਿਖੇ ਕੀ ਮੈਂ ਆਪਣੀ ਕੋਲਡ ਕੈਪ ਲਿਆ ਸਕਦਾ ਹਾਂ?

ਬੀ ਸੀ ਸੈਂਟਰ ਵਿਖੇ ਕੋਲਡ ਕੈਪਾਂ ਲਿਆਉਣ ਦੀ ਖੁੱਲ੍ਹ ਹੈ; ਫ਼ਿਰ ਵੀ, ਜਿਸ ਜਗ੍ਹਾ ਵਿਖੇ ਇਲਾਜ ਕਰਵਾ ਰਹੇ ਹੋਵੋ ਤੁਹਾਨੂੰ ਉਥੋਂ ਇਜਾਜ਼ਤ ਅਤੇ ਮਦਦ ਲੈਣ ਦੀ ਲੋੜ ਹੈ। ਕੋਲਡ ਕੈਪ ਲਿਆਉਣ ਤੋਂ ਪਹਿਲਾਂ, ਤੁਹਾਨੂੰ ਆਪਣੀ ਹੈਲਥ ਟੀਮ ਨਾਲ ਗੱਲ ਬਾਤ ਕਰ ਲੈਣੀ ਚਾਹੀਦੀ ਹੈ।

ਉਸ ਜਗ੍ਹਾ ਸੁਰੱਖਿਆ ਜਾਂ ਕਾਰਜ ਸੰਬੰਧਤ ਕਾਰਨ ਹੋ ਸਕਦੇ ਜਿੰਨ੍ਹਾਂ ਕਾਰਨ ਤੁਹਾਨੂੰ ਆਪਣੀ ਕੋਲਡ ਕੈਪ ਵਰਤਣ ਦੀ ਅਸੀਂ ਖੁੱਲ੍ਹ ਨਹੀਂ ਦੇ ਸਕਦੇ। ਕੋਲਡ ਕੈਪ ਦੇ ਸਾਜ਼ੋ ਸਮਾਨ ਵਰਤਣ ਲਈ ਸਾਡੇ ਕੋਲ ਸਦਾ ਜਗ੍ਹਾ ਵੀ ਨਹੀਂ ਹੋ ਸਕਦੀ। ਕੋਲਡ ਕੈਪ ਅਤੇ ਸੰਬੰਧਤ ਸਾਜ਼ੋ ਸਮਾਨ ਦੂਜੇ ਲੋਕਾਂ ਦੀਆਂ ਐਪੁਆਈਂਟਮੈਂਟਾਂ ਅਤੇ ਸੁਰੱਖਿਆ ਨੂੰ ਪ੍ਰਭਾਵਤ ਨਹੀਂ ਕਰ ਸਕਦੀ ਹੋਣੀ ਚਾਹੀਦੀ।

ਤੁਸੀਂ ਕੋਲਡ ਕੈਪ ਨੂੰ ਆਪਣੇ ਆਪ ਵਰਤਣ ਦੇ ਕਾਬਲ ਹੋਣੇ ਚਾਹੀਦੇ ਹੋ। ਵਿਜ਼ਿਟਰ ਜਾਂ ਪਰਿਵਾਰਕ ਮੈਂਬਰ ਕੋਲਡ ਕੈਪ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਫ਼ਿਰ ਵੀ, ਉਹ ਇਲਾਜ ਵਾਲੇ ਕਮਰੇ ਅੰਦਰ ਸਾਰਾ ਸਮਾਂ ਨਹੀਂ ਰਹਿ ਸਕਦੇ; ਉਨ੍ਹਾਂ ਨੂੰ ਆਈਸ ਪੈਕਸ ਦੀ ਸਾਂਭ-ਸੰਭਾਲ ਅਤੇ ਵਿਜ਼ਿਟਰਾਂ ਸੰਬੰਧੀ ਅਗਵਾਈ ਲਈ ਹਦਾਇਤਾਂ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ।

### ਕੀ ਬੀ ਸੀ ਕੈਂਸਰ ਕੋਲਡ ਕੈਪਸ ਮੁਹੱਈਆ ਕਰਦੀ ਹੈ?

ਨਹੀਂ। ਅਸੀਂ ਕੋਲਡ ਕੈਪਸ ਮੁਹੱਈਆ ਨਹੀਂ ਕਰਦੇ।

ਅਸਾਂ ਵਾਲ ਝੜ੍ਹਣ ਦੇ ਇਲਾਜ ਲਈ ਕੋਲਡ ਕੈਪਸ ਅਤੇ ਕੂਲਿੰਗ ਸਿਸਟਿਮ ਸੰਬੰਧੀ ਸਬੂਤਾਂ ਉੱਤੇ ਨਜ਼ਰਸਾਨੀ ਕੀਤੀ ਹੈ। ਅਸਾਂ ਇਲਾਜ ਵਿੱਚ ਕੋਲਡ ਕੈਪਸ ਦੀ ਵਰਤੋਂ ਸੰਬੰਧੀ ਸੁਰੱਖਿਆ ਨੂੰ ਵਿਚਾਰਿਆ ਹੈ। ਕੋਲਡ ਕੈਪਸ ਕੈਂਸਰ ਦੇ ਬੀਮਾਰ ਲੋਕਾਂ ਨੂੰ ਠੀਕ ਕਰਦੀਆਂ ਹਨ ਬਾਰੇ ਮਜ਼ਬੂਤ ਸਬੂਤ ਮੌਜੂਦ ਨਹੀਂ ਹੈ। ਜੇ ਕੋਈ ਨਵਾਂ ਸਬੂਤ ਮਿਲਦਾ ਹੈ ਤਾਂ ਅਸੀਂ ਉਸ ਉੱਤੇ ਨਜ਼ਰਸਾਨੀ ਕਰਾਂਗੇ। ਮਰੀਜ਼ਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਸਾਨੂੰ ਬਹੁਤ ਗੱਲਾਂ ਵਿਚਾਰਨੀਆਂ ਪੈਂਦੀਆਂ ਹਨ।

### ਕੀ ਕੋਲਡ ਕੈਪਸ ਲਈ ਫ਼ੰਡਿੰਗ ਵਾਸਤੇ ਬਹੁਤ ਰਸਤੇ ਉਪਲਬਧ ਹਨ?

ਨਹੀਂ। ਬੀ ਸੀ ਕੈਂਸਰ ਕੋਲ ਕੋਲਡ ਕੈਪਸ ਵਾਸਤੇ ਫੰਡ ਨਹੀਂ ਹਨ।

ਜੇ ਤੁਹਾਡੇ ਕੋਲ ਪਰਾਈਵੇਟ ਹੈਲਥ ਇੰਸ਼ੁਰੈਂਸ ਹੈ, ਤਾਂ ਵਧੇਰੇ ਜਾਣਕਾਰੀ ਲਈ ਆਪਣੀ ਹੈਲਥ ਇੰਨਸ਼ੁਰੈਂਸ ਪਰਦਾਨ ਕਰਨ ਵਾਲੇ ਨਾਲ ਸੰਪਰਕ ਕਰੋ।

### ਵਾਲ ਝੜ੍ਹਣ ਅਤੇ ਕੋਲਡ ਕੈਪਾਂ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਹਾਸਲ ਕਰ ਸਕਦਾ ਹਾਂ?

ਇਸ ਸਮੇਂ, ਅਸੀਂ ਕਿਸੇ ਕੋਲਡ ਕੈਪ ਕੰਪਨੀ ਜਾਂ ਵਿਸੇਸ਼ ਪਦਰਾਥ ਦੀ ਸਫ਼ਾਰਸ਼ ਨਹੀਂ ਕਰਾਂਗੇ।
ਅਸੀਂ ਜਾਣਦੇ ਹਾਂ ਕਿ ਵਾਲਾਂ ਦਾ ਝੜਣਾ ਕੈਂਸਰ ਵਾਲੇ ਲੋਕਾਂ ਉੱਤੇ ਭਾਰੀ ਅਸਰ ਪਾ ਸਕਦਾ ਹੈ। ਵਾਲ ਝੜਣ ਵਾਲੇ ਲੋਕਾਂ ਦੀ ਮਦਦ ਕਰਨ ਲਈ ਸਾਡੇ ਕੋਲ ਕਈ ਸਾਧਨ ਹਨ:

- bccancer.bc.ca ਉੱਤੇ ਜਾਉ ਅਤੇ “hair loss” ਦੀ ਤਲਾਸ਼ ਕਰੋ।
- ਵਧੇਰੇ ਜਾਣਕਾਰੀ ਲਈ ਆਪਣੀ ਹੈਲਥ ਕੇਅਰ ਟੀਮ ਨੂੰ ਜਾਂ ਸਾਡੇ ਲਾਇਬਰੇਰੀਅਨ ਤੋਂ ਪੁੱਛੋ।
    - Contact a librarian here
      http://www.bccancer.bc.ca/our-services/services/library/contacts-and-hours